**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ**
**ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ।**

# ਜਨਤਕ ਸੂਚਨਾ

ਮੀਮੋ ਨੰ: Transfer Cell/333159/2022/28 ਮਿਤੀ: 9/11/2022

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ;11/35/2018-1EDU6/1508658, ਮਿਤੀ 25.06.2019 ਰਾਹੀ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ-ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ,(ਐਸਿ), ਪੰਜਾਬ ਦੇ ਮੀਮੋ ਨੰ;SSA/HR/Transfer/2020/118750 ਮਿਤੀ 22/05/2020 ਰਾਹੀਂ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ। ਜੋ ਸੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਸਨ, ਉਹ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਵੀ ਲਾਗੂ ਹੋਣਗੀਆਂ।

3.0 ਵਿਭਾਗ ਵੱਲੋਂ ਜਨਤਕ ਸੂਚਨਾ (Public Notice) ਦੇ ਮੀਮੋ ਨੰ:: Transfer Cell/2022/322388/21 09/10/2022 ਤਹਿਤ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕਾਂ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ., ਐਸ.ਟੀ.ਆਰ., ਏ.ਆਈ.ਈ. ਵੋਲੰਟੀਅਰਜ਼ ਤੋਂ ਬਦਲੀਆਂ ਲਈ ਪ੍ਰਤੀਬੇਨਤੀਆਂ ਮੰਗੀਆਂ ਗਈਆਂ ਸਨ। ਜਿਨ੍ਹਾਂ ਦਰਖਾਸਤਕਰਤਾਵਾਂ ਵੱਲੋਂ ਬਦਲੀ ਲਈ **E-Punjabschool portal** ਤੇ ਅਪਲਾਈ /ਰਜਿਸਟਰ ਕੀਤਾ ਗਿਆ ਸੀ ਅਤੇ ਜਿਨ੍ਹਾਂ ਵੱਲੋਂ ਆਪਸੀ ਬਦਲੀ ਲਈ ਮਿਤੀ 03-11-2022 ਤੋਂ 04-11-2022 ਤੱਕ **E-Punjabschool portal** ਤੇ **Login** ਕਰਕੇ ਅਪਲਾਈ ਕੀਤਾ ਗਿਆ ਸੀ।

4.0 ਉਕਤ ਪ੍ਰਕਿਰਿਆ ਦੀ ਲਗਾਤਾਰਤਾ ਵਿੱਚ ਪ੍ਰਾਇਮਰੀ ਵਿੰਗ ਨਾਲ ਸਬੰਧਤ ਜਿਨ੍ਹਾਂ ਯੋਗ ਅਧਿਆਪਕਾਂ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਵੱਲੋਂ ਅਪਲਾਈ ਕੀਤਾ ਗਿਆ ਸੀ, ਦੇ ਬਦਲੀ ਦੇ ਆਰਡਰ ਸਬੰਧਤਾਂ ਦੇ e-punjabschool portal ਤੇ Staff Login ID ਤੇ ਅਪਲੋਡ ਕਰ ਦਿੱਤੇ ਗਏ ਹਨ। ਸਬੰਧਤ ਅਧਿਆਪਕ ਆਪਣੇ ID ਤੋਂ Login ਕਰਕੇ ਇਹ ਟ੍ਰਾਂਸਫਰ ਆਰਡਰ ਡਾਊਨਲੋਡ ਕਰ ਸਕਦੇ ਹਨ।

5.0 ਉਕਤ ਅਨੁਸਾਰ ਆਪਸੀ ਬਦਲੀਆਂ ਦੇ ਆਰਡਰ ਨੂੰ ਲਾਗੂ ਕਰਨ ਤੋ ਪਹਿਲਾਂ ਸਬੰਧਤ ਜਿਲਾ ਸਿੱਖਿਆ ਅਫਸਰ (ਐਸਿ) ਇਹ ਯਕੀਨੀ ਬਣਾਂਉਣਗੇ ਕਿ ਜਿਨ੍ਹਾਂ ਅਧਿਆਪਕਾਂ ਦੀ ਆਪਸੀ ਬਦਲੀ ਹੋਈ ਹੈ,ਉਨ੍ਹਾਂ ਦੀ ਕੈਟਾਗਰੀ ਇੱਕੋ ਹੋਵੇ ਅਤੇ ਟੀਚਰ ਟ੍ਰਾਂਸਫਰ ਪਾਲਿਸੀ 2019 ਅਤੇ ਉਸ ਉਪਰੰਤ ਕੀਤੀਆਂ ਗਈਆਂ ਸੋਧਾਂ ਦੇ ਸਨਮੁੱਖ ਸਬੰਧਤਾਂ ਨੂੰ ਜੁਆਇੰਨ ਕਰਵਾਉਣ ਤੋ ਪਹਿਲਾਂ ਆਪਣੇ ਪੱਧਰ ਤੇ ਪਾਲਿਸੀ ਦੀਆਂ ਮੱਦਾਂ ਨੂੰ ਮੁੱਖ ਰੱਖਦੇ ਹੋਏ ਚੈੱਕ ਕਰ ਲਿਆ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ**